ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਜ਼ਰੂਰੀ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ
(ਯੋਜਨਾ ਨਾਲ ਸਬੰਧਤ), ਪੰਜਾਬ।

ਮੀਮੋ ਨੰ: 1/1-ਪਸਪਬ-ਖੋ.ਅ.(ਸ.ਯੋ.)-2009/10892
ਮਿਤੀ: ਚੰਡੀਗੜ੍ਹ 14/12/09

**ਵਿਸ਼ਾ :- ਸਾਲਾਨਾ ਯੋਜਨਾ 2010-11 ਤੋਂ ਜ਼ਿਲ੍ਹਾ ਪੱਧਰੀ ਸਕੀਮਾਂ ਨੂੰ ਲਾਗੂ ਕਰਨ ਬਾਰੇ ।**

...

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2. ਮੌਜੂਦਾ ਸਥਿਤੀ ਅਨੁਸਾਰ ਜਿਲ੍ਹਾ ਯੋਜਨਾ ਸਕੀਮਾਂ ਦਾ ਉਪਬੰਧ ਯੋਜਨਾਬੰਦੀ ਵਿਭਾਗ ਦੇ ਬੱਜਟ ਹੈਡ (3451 ਅਤੇ 5475) ਤਹਿਤ ਪੀ.ਐਮ. 1.5 'ਫਾਰਮੂਲੇਸ਼ਨ ਆਫ਼ ਡਿਸਟ੍ਰਿਕਟ ਪਲਾਨ ਐਟ ਦੀ ਡਿਸਟ੍ਰਿਕਟ ਹੈੱਡਕੁਆਰਟਰਜ਼' ਅਧੀਨ ਕੀਤਾ ਜਾਂਦਾ ਹੈ। ਇਸ ਲਈ ਯੋਜਨਾਬੰਦੀ ਵਿਭਾਗ ਆਪਣੀਆਂ ਸਕੀਮਾਂ ਬੀ.ਏ.ਡੀ.ਪੀ., ਅਨਟਾਈਡ ਫੰਡ (ਬੰਧਨ ਮੁਕਤ) ਆਦਿ ਤੋਂ ਇਲਾਵਾ ਵੱਖੋ-ਵੱਖ ਮਹਿਕਮਿਆਂ ਜਿਵੇਂ ਕਿ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੇਂਡੂ ਜਲ ਸਪਲਾਈ ਵਿਭਾਗ, ਸੈਂਸਿਜ਼ ਸਰਵੇ ਐਂਡ ਸਟੈਟੇਟਿਕਸ ਆਦਿ ਵਿਭਾਗਾਂ ਦੀਆਂ ਜ਼ਿਲ੍ਹਾ ਪੱਧਰੀ ਸਕੀਮਾਂ ਨੂੰ ਲਾਗੂ ਕਰਨ ਲਈ ਨੋਡਲ ਮਹਿਕਮੇ ਵਜੋਂ ਕੰਮ ਕਰਦਾ ਹੈ।

3. ਅਜਿਹਾ ਕਰਨ ਕਰਕੇ ਜ਼ਿਲ੍ਹਾ ਯੋਜਨਾ ਸਕੀਮਾਂ ਨੂੰ ਪ੍ਰਵਾਨ ਕਰਾਉਣ ਅਤੇ ਫੰਡ ਜਾਰੀ ਕਰਨ ਵਿੱਚ ਕਾਫ਼ੀ ਦੇਰੀ ਹੋ ਜਾਂਦੀ ਹੈ ਕਿਉਂਕਿ ਸਾਰੀ ਸੂਚਨਾ ਸੰਬੰਧਤ ਵਿਭਾਗ ਕੋਲ ਹੁੰਦੀ ਹੈ ਅਤੇ ਉਨ੍ਹਾਂ ਤੇ ਹੀ ਪੂਰੀ ਤਰ੍ਹਾਂ ਨਿਰਭਰ ਰਹਿਣਾ ਪੈਂਦਾ ਹੈ। ਇਸ ਤਰ੍ਹਾਂ ਨਾਲ ਇਨ੍ਹਾਂ ਸਕੀਮਾਂ ਦੀ ਮੋਨੀਟਰਿੰਗ ਵੱਲ ਤਵੱਜੋਂ ਦੇਣ ਦਾ ਕੰਮ ਵੀ ਵੇਲੇ ਸਿਰ ਤੇ ਠੀਕ ਢੰਗ ਨਾਲ ਕਰਨ ਵਿੱਚ ਅਕਸਰ ਔਕੜ ਪੇਸ਼ ਆਉਂਦੀ ਹੈ।

4. ਹੁਣ ਸਰਕਾਰ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਜ਼ਿਲ੍ਹਾ ਯੋਜਨਾ ਸਕੀਮਾਂ ਨੂੰ ਹੋਰ ਵੀ ਕਾਰਜ ਕੁਸ਼ਲ ਢੰਗ ਨਾਲ ਲਾਗੂ ਕਰਨ ਲਈ ਪਰੋਸੀਜ਼ਰ ਵਿੱਚ ਤਬਦੀਲੀ ਲਿਆਂਦੀ ਜਾਵੇ ਜਿਸ ਦੇ ਮੁਤਾਬਿਕ ਯੋਜਨਾਬੰਦੀ ਵਿਭਾਗ ਦਾ ਰੋਲ ਕੇਵਲ ਜ਼ਿਲ੍ਹਾ ਯੋਜਨਾ

ਬਣਾਉਣ/ਕੰਸੋਲੀਡੇਟ ਕਰਨ, ਇਸ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕਰਨ ਅਤੇ ਇਸ ਦੀ ਮੋਨੀਟਰਿੰਗ ਕਰਨ ਤੱਕ ਹੀ ਸੀਮਤ ਰਹੇਗਾ।

5. ਸਾਲਾਨਾ ਯੋਜਨਾ 2010-11 ਤੋਂ ਪੀ.ਐਮ. 1.5 'ਫਾਰਮੂਲੇਸ਼ਨ ਆਫ਼ ਡਿਸਟ੍ਰਿਕਟ ਪਲਾਨ ਐਟ ਦੀ ਡਿਸਟ੍ਰਿਕਟ ਹੈੱਡਕੁਆਰਟਰਜ਼' ਤਹਿਤ ਕੇਵਲ ਯੋਜਨਾਬੰਦੀ ਵਿਭਾਗ ਵੱਲੋਂ ਲਾਗੂ ਕੀਤੀਆਂ ਜਾਣ ਵਾਲੀਆਂ ਆਪਣੀਆਂ ਜ਼ਿਲ੍ਹਾ ਪੱਧਰੀ ਸਕੀਮਾਂ ਦਾ ਉਪਬੰਧ ਹੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜ਼ਿਲ੍ਹਾ ਯੋਜਨਾ ਸਕੀਮਾਂ ਨਾਲ ਸੰਬੰਧਤ ਵਿਭਾਗ 2010-11 ਤੋਂ ਆਪਣੀਆਂ ਸਕੀਮਾਂ ਦੇ ਪ੍ਰਬੰਧਕੀ ਵਿਭਾਗ ਹੋਣਗੇ ਅਤੇ ਸਾਲਾਨਾ ਯੋਜਨਾ ਵਿੱਚ ਉਪਬੰਧ ਅਨੁਸਾਰ ਜ਼ਿਲ੍ਹਾ ਯੋਜਨਾ ਸਕੀਮਾਂ ਤਹਿਤ ਆਪਣੇ-ਆਪਣੇ ਹੈੱਡ ਵਿੱਚ ਜ਼ਿਲ੍ਹਾ ਯੋਜਨਾ ਸਕੀਮਾਂ ਦਾ ਬਜਟ ਉਪਬੰਧ ਵਿੱਤ ਵਿਭਾਗ ਤੋਂ ਕਰਵਾਉਣਗੇ ਅਤੇ ਇਸ ਸੰਬੰਧ ਵਿੱਚ ਲੋੜੀਂਦੀ ਸੂਚਨਾ ਵਿੱਤ ਵਿਭਾਗ ਨੂੰ ਮੁਹੱਈਆ ਕਰਨਗੇ। ਇਸ ਤਰ੍ਹਾਂ ਜ਼ਿਲ੍ਹਾ ਯੋਜਨਾ ਕਮੇਟੀਆਂ ਅਤੇ ਸੰਬੰਧਤ ਵਿਭਾਗਾਂ ਵਿੱਚ ਨਿਰੰਤਰ ਤਾਲਮੇਲ ਰੱਖਣ ਲਈ ਜ਼ਿਲ੍ਹਾ ਯੋਜਨਾ ਸਕੀਮਾਂ ਨੂੰ ਲਾਗੂ ਕਰਨ ਦੀ ਪੂਰੀ ਜ਼ਿੰਮੇਵਾਰੀ ਸਬੰਧਤ ਪ੍ਰਬੰਧਕੀ ਵਿਭਾਗ ਦੀ ਹੋਵੇਗੀ ਤਾਂ ਜੋ ਉਨ੍ਹਾਂ ਵੱਲੋਂ ਇਨ੍ਹਾਂ ਸਕੀਮਾਂ ਨੂੰ ਵਿੱਤ ਵਿਭਾਗ ਤੋਂ ਜਲਦੀ ਮਨਜ਼ੂਰ ਕਰਾਉਣ ਅਤੇ ਜ਼ਿਲ੍ਹਿਆਂ ਨੂੰ ਫੰਡ ਤੇਜੀ ਨਾਲ ਜਾਰੀ ਕਰਕੇ ਲੋੜੀਂਦੇ ਕਦਮ ਚੁੱਕੇ ਜਾ ਸਕਣ। ਇਸ ਲਈ ਹੁਣ ਵਿੱਤੀ ਸਾਲ 2010-11 ਤੋਂ ਜ਼ਿਲ੍ਹਾ ਪੱਧਰੀ ਸਕੀਮਾਂ ਨੂੰ ਲਾਗੂ ਕਰਨ ਲਈ ਰਾਸ਼ੀ ਦਾ ਉਪਬੰਧ ਸਮੂਹ ਵਿਭਾਗ ਆਪਣੇ ਜ਼ਿਲ੍ਹਾ ਪੱਧਰ ਦੇ (ਰੈਵਨਿਊ/ਕੈਪੀਟਲ) ਬੱਜਟ ਹੈਡ ਵਿਚ ਕਰਵਾਉਣਾ ਯਕੀਨੀ ਬਨਾਉਣ।

6. ਸੰਬੰਧਤ ਪ੍ਰਬੰਧਕੀ ਵਿਭਾਗ ਜ਼ਿਲ੍ਹਾ ਪੱਧਰੀ ਸਕੀਮਾਂ ਤਹਿਤ ਲੋੜ ਅਨੁਸਾਰ/ਨਾਰਮਾਂ ਅਨੁਸਾਰ ਜ਼ਿਲ੍ਹਾਵਾਰ ਫੰਡਾਂ ਦੀ ਵੰਡ ਕਰਨਗੇ। ਜ਼ਿਲ੍ਹਾਵਾਰ ਵੰਡ ਹੋਣ ਉਪਰੰਤ ਸਬੰਧਤ ਪ੍ਰਬੰਧਕੀ ਵਿਭਾਗ ਵਿੱਤ ਵਿਭਾਗ ਤੋਂ ਲੋੜੀਂਦੀ ਮਨਜ਼ੂਰੀ ਪ੍ਰਾਪਤ ਕਰਕੇ ਸਮੂਹ ਜ਼ਿਲ੍ਹਿਆਂ ਨੂੰ ਫੰਡਾਂ ਦੀ ਸੈਂਕਸ਼ਨ ਜਾਰੀ ਕਰਨਗੇ। ਕਿਉਂਕਿ ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਗਠਨ ਹੋ ਚੁੱਕਾ ਹੈ, ਇਸ ਲਈ ਜ਼ਿਲ੍ਹਿਆਂ ਵਿੱਚ ਇਹ ਰਾਸ਼ੀ ਦੀ ਵਰਤੋਂ ਸੰਬੰਧਤ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਜ਼ਿਲ੍ਹਾ ਯੋਜਨਾ ਕਮੇਟੀ ਦੀ ਪ੍ਰਵਾਨਗੀ ਨਾਲ ਕਰਨਗੇ। ਜ਼ਿਲ੍ਹਾਵਾਰ ਉਪਬੰਧਤ ਫੰਡ ਜ਼ਿਲ੍ਹਾ ਯੋਜਨਾ ਦਾ ਹਿੱਸਾ ਬਣਨਗੇ ਐਪਰ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਸੰਬੰਧੀ ਨਿਗਰਾਨੀ ਵੀ ਸੰਬੰਧਤ ਪ੍ਰਬੰਧਕੀ ਵਿਭਾਗ ਵੱਲੋਂ ਹੀ ਕੀਤੀ ਜਾਵੇਗੀ। ਇਨ੍ਹਾਂ ਸਕੀਮਾਂ ਦੇ ਆਡਿਟ ਅਤੇ ਲੇਖੇ ਜੋਖੇ ਦੀ ਜ਼ਿੰਮੇਵਾਰੀ ਸੰਬੰਧਤ ਪ੍ਰਬੰਧਕੀ ਵਿਭਾਗ ਦੀ ਹੋਵੇਗੀ।

7. ਪ੍ਰਬੰਧਕੀ ਵਿਭਾਗ ਸਪੈਸ਼ਲ ਕੰਪੋਨੈਟ ਸਬ ਪਲਾਨ ਦਾ ਹਿੱਸਾ ਵੀ ਸਰਕਾਰ ਦੀਆਂ ਅਗਵਾਈ ਲੀਹਾਂ ਅਨੁਸਾਰ ਨਿਰਧਾਰਤ ਕਰੇਗਾ।

8. ਜ਼ਿਲ੍ਹਿਆਂ ਵਿੱਚ ਸੰਬੰਧਤ ਵਿਭਾਗਾਂ ਦੇ ਫੀਲਡ ਅਫ਼ਸਰ ਇਹ ਯਕੀਨੀ ਬਨਾਉਣਗੇ ਕਿ ਉਨ੍ਹਾਂ ਦੇ ਪ੍ਰਬੰਧਕੀ ਵਿਭਾਗ ਵੱਲੋਂ ਜਾਰੀ ਕੀਤੀ ਰਾਸ਼ੀ ਨੂੰ ਅੱਗੋਂ ਜ਼ਿਲ੍ਹਾ ਯੋਜਨਾ ਕਮੇਟੀ ਤੋਂ ਮਨਜ਼ੂਰ ਕਰਵਾ ਕੇ ਸਮੇਂ ਸਿਰ ਡਰਾਅ ਕਰਕੇ ਤੇਜੀ ਨਾਲ ਕਾਰਜਕਾਰੀ ਏਜੰਸੀਆਂ ਨੂੰ ਦਿੱਤੀ ਜਾਵੇਗੀ।

9. ਸਾਲਾਨਾ ਯੋਜਨਾ 2010-11 ਦੀ ਬਣਤਰ ਦਾ ਕੰਮ ਚੱਲ ਰਿਹਾ ਹੈ ਇਸ ਲਈ ਜ਼ਿਲ੍ਹਾ ਯੋਜਨਾ ਸਕੀਮਾਂ ਨਾਲ ਸੰਬੰਧਤ ਪ੍ਰਬੰਧਕੀ ਵਿਭਾਗ ਚੱਲ ਰਹੀਆਂ ਮੌਜੂਦਾ ਜ਼ਿਲ੍ਹਾ ਯੋਜਨਾ ਸਕੀਮਾਂ ਤੋਂ ਇਲਾਵਾ ਹੋਰ ਨਵੀਂਆਂ ਸਕੀਮਾਂ ਦੀ ਆਪਣੇ ਪੱਧਰ ਤੇ ਪਹਿਚਾਣ ਕਰਕੇ ਸਾਲਾਨਾ ਯੋਜਨਾ 2010-11 ਵਿਚ ਯੋਜਨਾਬੰਦੀ ਵਿਭਾਗ ਨੂੰ ਕੰਸੋਲੀਡੇਟਿਡ ਜ਼ਿਲ੍ਹਾ ਯੋਜਨਾਵਾਂ ਵਿੱਚ ਸ਼ਾਮਲ ਕਰਨ ਲਈ ਤੁਰੰਤ ਭੇਜਣਗੇ ਅਤੇ ਵੱਖ-ਵੱਖ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਸੰਬੰਧਤ ਜ਼ਿਲ੍ਹੇ ਦੀ ਯੋਜਨਾ ਵਿੱਚ ਸ਼ਾਮਲ ਕਰਨ ਲਈ ਵੀ ਸੂਚਿਤ ਕਰਨ। ਪ੍ਰਬੰਧਕੀ ਵਿਭਾਗਾਂ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਯੋਜਨਾਬੰਦੀ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਸਕੀਮਾਂ ਦਾ ਇੱਕ ਅਨੁਲੱਗ ਤਿਆਰ ਕਰਕੇ ਸਾਲਾਨਾ ਯੋਜਨਾ ਦੇ ਦਸਤਾਵੇਜ਼ ਵਿਚ ਸ਼ਾਮਿਲ ਕੀਤਾ ਜਾਵੇਗਾ।

10. ਜ਼ਿਲ੍ਹਾ ਪੱਧਰੀ ਸਕੀਮਾਂ ਦੀ ਵਿੱਤੀ ਅਤੇ ਭੌਤਿਕ ਪ੍ਰਗਤੀ ਦੀ ਸਮੀਖਿਆ ਪ੍ਰਬੰਧਕੀ ਵਿਭਾਗ ਤੋਂ ਇਲਾਵਾ ਜ਼ਿਲ੍ਹਾ ਯੋਜਨਾ ਕਮੇਟੀ ਵੱਲੋਂ ਸਮੇ-ਸਮੇਂ ਸਿਰ ਕੀਤੀ ਜਾਵੇਗੀ ਅਤੇ ਇਸ ਦੀ ਸਮੀਖਿਆ ਦੀ ਰਿਪੋਰਟ ਰਾਜ ਸਥਿਤ ਯੋਜਨਾਬੰਦੀ ਵਿਭਾਗ ਨੂੰ ਵੀ ਭੇਜੀ ਜਾਵੇਗੀ ਜਿਸ ਦੀ ਰਾਜ ਪੱਧਰ ਤੇ ਯੋਜਨਾਬੰਦੀ ਵਿਭਾਗ ਸਮੀਖਿਆ ਵੀ ਕਰੇਗਾ।

11. ਜ਼ਿਲ੍ਹਾ ਪੱਧਰੀ ਪਲਾਨ ਸਕੀਮ ਅਧੀਨ ਹਰੇਕ ਮੰਜ਼ੂਰੀ ਨੂੰ ਸਾਲ ਦੌਰਾਨ ਡਿਸਪੈਚ ਨੰ: ਤੋਂ ਇਲਾਵਾ ਮਹਾਂਲੇਖਾਕਾਰ ਦੀਆਂ ਹਦਾਇਤਾਂ ਮੁਤਾਬਿਕ ਮੰਜ਼ੂਰੀ ਨੰ:1, 2, 3, 4 ਆਦਿ ਲਗਾਇਆ ਜਾਵੇ ਤਾਂ ਕਿ ਮਨਜ਼ੂਰੀਆਂ ਦੀ ਸਾਲ ਦੌਰਾਨ ਲਗਾਤਾਰਤਾ ਦਾ ਪਤਾ ਲੱਗ ਸਕੇ।

12. ਸੰਬੰਧਤ ਪ੍ਰਬੰਧਕੀ ਵਿਭਾਗ/ਵਿੱਤ ਵਿਭਾਗ ਸਕੀਮਾਂ ਅਧੀਨ ਜ਼ਾਰੀ ਕੀਤੇ ਉਪਬੰਧ /ਸੈਕਸ਼ਨਾਂ ਦੀ ਜਾਣਕਾਰੀ ਯੋਜਨਾਬੰਦੀ ਵਿਭਾਗ ਨੂੰ ਭੇਜਣਗੇ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਪਿੱਠ ਅੰਕਣ ਨੰ: 1/1-ਪਸਪਬ-ਖੋ.ਅ.(ਸ.ਯੋ.)-2009/ 10893-95 ਮਿਤੀ: 14/12/09

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

(i) ਰਾਜ ਦੇ ਸਮੂਹ ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀਆਂ/ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ।

(ii) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਨੂੰ ਮਾਨਯੋਗ ਮੁੱਖ-ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।

(iii) ਵਿਸੇਸ਼ ਸਕੱਤਰ/ਵਿੱਤ ਅਤੇ ਯੋਜਨਾ ਮੰਤਰੀ ਨੂੰ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ।

ਸਹੀ/-
ਵਿਸੇਸ਼ ਸਕੱਤਰ ਯੋਜਨਾ

ਪਿੱਠ ਅੰਕਣ ਨੰ: 1/1-ਪਸਪਬ-ਖੋ.ਅ.(ਸ.ਯੋ.)-2009/10896-911 ਮਿਤੀ: 14/12/09

ਇਸ ਦੀ ਇੱਕ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

(i) ਪ੍ਰਮੁੱਖ ਸਕੱਤਰ ਵਿੱਤ ਵਿਭਾਗ, ਪੰਜਾਬ ਸਰਕਾਰ।

(ii) ਸਮੂਹ ਡਿਪਟੀ ਕਮਿਸ਼ਨਰ-ਕਮ-ਸਕੱਤਰ, ਜ਼ਿਲ੍ਹਾ ਯੋਜਨਾ ਕਮੇਟੀ/ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ।

(iii) ਸਕੱਤਰ ਖਰਚਾ, ਵਿੱਤ ਵਿਭਾਗ, ਪੰਜਾਬ ਸਰਕਾਰ।

(iv) ਸਪੈਸ਼ਲ ਸਕੱਤਰ-ਕਮ-ਡਾਇਰੈਕਟਰ ਬਜਟ, ਵਿੱਤ ਵਿਭਾਗ, ਪੰਜਾਬ।

(v) ਡਾਇਰੈਕਟਰ ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ।

(vi) ਵਿੱਤ ਵਿਭਾਗ (ਐਫ.ਈ-6 ਸ਼ਾਖਾ)।

(vii) ਮਹਾਂਲੇਖਾਕਾਰ (ਏ.ਐਡ ਈ), ਪੰਜਾਬ।

(viii) ਮਹਾਂਲੇਖਾਕਾਰ (ਆਡਿਟ), ਪੰਜਾਬ।

(ix) ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)।

(x) ਰਾਜ ਦੇ ਸਮੂਹ ਉਪ-ਅਰਥ ਅਤੇ ਅੰਕੜਾਂ ਸਲਾਹਕਾਰ।

(xi) ਜਿਲ੍ਹਿਆਂ ਵਿੱਚ ਸਮੂਹ ਡਿਪਟੀ ਕੰਟ੍ਰੋਲਰ (ਵਿੱਤ ਅਤੇ ਲੇਖਾ), ਅੰਦਰੂਨੀ ਆਡਿਟ ਸੰਗਠਨ (ਆਰ) ਆਦਿ।

(xii) ਆਰਥਿਕ ਸਲਾਹਕਾਰ, ਪੰਜਾਬ ਸਰਕਾਰ।

(xiii) ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ।

(xiv) ਸਮੂਹ ਵਿਭਾਗਾਂ ਦੇ ਮੁੱਖੀ।

(xv) ਡਾਇਰੈਕਟਰ ਸਪੈਸ਼ਲ ਕੰਪੋਨੈਟ ਸਬ ਪਲਾਨ, ਸੈਕਟਰ 34, ਚੰਡੀਗੜ੍ਹ।

(xvi) ਸਮੂਹ ਡਾਇਰੈਕਟਰ/ਡਿਪਟੀ ਡਾਇਰੈਕਟਰ, ਪੰਜਾਬ ਰਾਜ ਯੋਜਨਾ ਬੋਰਡ।

ਸਹੀ/-
ਵਿਸੇਸ਼ ਸਕੱਤਰ ਯੋਜਨਾ

**English Version**

**GOVERNMENT OF PUNJAB**
**DEPARTMENT OF PLANNING**
**(LOCAL PLAN DIVISION)**

**Urgent**

To

All Financial Commissioners/Principal Secretary/
Administrative Secretary (Concerned Planning), Punjab.

Memo No. 1/1-PSPB-R.O.(LPD)-2009/10892
Dated: Chandigarh 14/12/09

**Subject:-** **Regarding implementation of District Level Plan Schemes from the year 2010-11.**

*********

Kindly refer to the subject cited above.

2. At present the outlay of District Plan Schemes are provided under Budget head of Planning Department (3451 and 5475) under PM 1.5 'Formulation of district Plan at the district Headquarters'. Therefore, the Department of Planning works as nodal department for its schemes like BADP, Untied Funds, besides, the schemes of other departments like Social Security, Women & Child Development, Welfare of SCs and BCS, Rural Development and Panchayats, Rural Water Supply, Census Surveys and Statistics for the implementation of district level schemes.

3. This delays the approval of District Level Schemes and release of funds, because the Administrative Departments have all the relevant information and the Department of Planning has to depend upon them. Quick action there is difficulty in paying attention to the proper and timely monitoring of the schemes.

4. Now, the Government has decided to change in the procedure to implement the district plan schemes in more efficient manner. Accordingly the role of Planning Department will only be limited to formulation/consolidation of District Plan, issue the guidelines and monitoring in this regard.

5. From Annual Plan 2010-11, Planning Department will provide outlay of District Plan Schemes being implemented by Planning Department only under PM 1.5 'Formulation of district Plan at the district Headquarters'. Besides, this the concerned departments of District Level Schemes would be Administrative Departments of their District Level Plan Schemes from 2010-11, The concerned Administrative Departments will get the provision made in their respective budget heads for district level schemes from Finance Department as per the Annual Plan outlay and will send the requisite information to the Finance

Department in this regard. Entire responsibility for ensuring regular coordination between District Planning Committee (DPC) and Administrative Department for the implementation of District Level Plan Schemes, shall be of the concerned Administrative Departments so as to expedite the approvals from Finance Department for these schemes at the earliest and necessary steps could be taken for sanction and distribution/release of funds to the districts. Therefore, all the Administrative Department will ensure the provision of funds under their district level (Revenue/Capital) Budget head for implementation of District Level Plan Schemes from 2010-11.

6. The Concerned Administrative Department will allocate the funds district wise under the District Level Plan Schemes as per requirements/norms. Thereafter the concerned department will issue the sanction of district-wise allocations to all districts with the approval of the Finance Department. Because District Planning Committees have been constituted, so the concerned district level officers will utilize these funds in the districts with the approval of District Planning Committee. District wise allocation of funds will be the part of District Plan. However, concerned Administrative Departments will oversee the implementation of these schemes. The concerned Administrative Departments will be responsible for Audit and Accounts of their schemes.

7. Administrative Departments will earmark the Share of SCSP as per the guidelines of the Government.

8. The Field Officers of concerned departments in the district will ensure that funds released by concerned Administrative Department are approved by the District Planning Committees and drawn and disbursed to the executing agencies well in time.

9. The formulation of Annual Plan 2010-11 is under process so the Administrative Departments concerned with the District Level Plan Schemes shall identify new District Level Plan Schemes apart from the existing schemes and send these new schemes to Planning Department for consolidation in District Plan and also inform all the District Planning Committees for inclusion in District Plan. The Department of Planning will prepare an annexure and include in the Annual Plan documents on the basis of information provided by concerned Administrative Departments.

10. The financial and physical progress of District Level Plan Scheme will be reviewed by the District Planning Committees, besides concerned departments from time to time District Planning Committees shall send the report to State Planning Department at State level for its monitoring.

11. Under district Level Plan Schemes, each sanction will have the approval No. 1, 2, 3, 4 besides dispatch no as per the guidelines of Accountant General to maintain the continuity of the sanction.

12. The concerned Administrative Department/Finance Department will send status of allocation release/sanctions of funds to Planning Department.

Sd/-
Special Secretary Planning